**ਡਾਇਰੈਕਟੋਰੇਟ ਮੈਡੀਕਲ ਸਿੱਖਿਆ ਅਤੇਂ ਖੋਜ, ਪੰਜਾਬ**
ਮੈਡੀਕਲ ਸਿੱਖਿਆ ਭਵਨ, ਸੈਕਟਰ-69, ਐਸ.ਏ.ਐਸ. ਨਗਰ-160069

ਸੇਵਾ ਵਿਖੇ

1. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
2. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।

ਨੰ:2ਐਮ.ਈ.1-ਪੰ:-18/ 20703-04
ਮਿਤੀ: 30.11.2018

ਵਿਸ਼ਾ:- ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਕੰਮ ਰਹ ਰਹੇ ਪ੍ਰੋਫੈਸਰਾਂ ਦੀ ਮਿਤੀ 01.11.2018 ਤੱਕ ਦੀ ਸੀਨੀਅਰਤਾ ਸੂਚੀ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਰੋਸਟਰ ਪੁਆਇੰਟ ਨੂੰ ਸੀਨੀਅਰਤਾ ਪੁਆਇੰਟ ਨਾ ਮੰਨਣ ਬਾਰੇ ਸਰਕਾਰ ਦੀਆਂ ਹਦਾਇਤਾਂ ਮਿਤੀ 10.10.2014 ਦੇ ਸਨਮੁੱਖ ਵਿਭਾਗ ਵਿੱਚ ਕੰਮ ਕਰ ਰਹੇ ਪ੍ਰੋਫੈਸਰਾਂ ਦੀ ਮਿਤੀ 01.11.2018 ਤੱਕ ਦੀ ਸਥਿਤੀ ਅਨੁਸਾਰ ਵਿਭਾਗ ਵਾਈਜ ਅਤੇ ਕਾਮਨ ਸੀਨੀਅਰਤਾ ਸੂਚੀ ਦਾ ਖਰੜਾ ਤਿਆਰ ਕਰਕੇ ਵਿਭਾਗ ਵੀ ਵੈਬ-ਸਾਈਟ ਉੱਤੇ ਅੱਪਲੋਡ ਕੀਤਾ ਗਿਆ ਹੈ। ਇਸ ਸਬੰਧੀ ਵਿੱਚ ਆਪ ਅਧੀਨ ਕੰਮ ਕਰ ਰਹੇ ਸਾਰੇ ਪ੍ਰੋਫੈਸਰਾਂ ਨੂੰ ਲਿਖਤੀ ਰੂਪ ਵਿੱਚ ਜਾਣੂ ਕਰਵਾ ਦਿੱਤਾ ਜਾਵੇ।

ਇਸ ਸਬੰਧ ਵਿੱਚ ਜੇਕਰ ਕਿਸੇ ਪ੍ਰੋਫੈਸਰ ਨੂੰ ਕੋਈ ਇਤਰਾਜ ਹੈ ਤਾਂ ਉਹ ਮਿਤੀ 07.12.2018 ਤੱਕ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਨੂੰ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ। ਸਬੰਧਤ ਸੰਸਥਾ ਨੂੰ ਜਿਹੜੇ ਇਤਰਾਜ ਪ੍ਰਾਪਤ ਹੋਣਗੇ, ਸੰਸਥਾ ਉਸ ਇਤਰਾਜ ਨੂੰ ਰਿਕਾਰਡ ਨਾਲ ਵੈਰੀਫਾਈ ਕਰਕੇ ਆਪਣੀ ਸਿਫਾਰਿਸ਼ ਸਮੇਤ ਮਿਤੀ 13.12.2018 ਨੂੰ ਸ਼ਾਮ 5:00 ਵਜੇ ਤੱਕ ਇਸ ਦਫਤਰ ਵਿਖੇ ਪਹੁੰਚਾਉਣ ਨੂੰ ਯਕੀਨੀ ਬਣਾਏਗੀ।

ਇਸ ਨੂੰ ਪਰਮ ਅਗੇਤਤਾ ਦਿੱਤੀ ਜਾਵੇ ਜੀ।

ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

**ਪਿਠ ਅੰਕਣ ਨੰ:2ਐਮ.ਈ.1-ਪੰ:-18/ 20705** **ਮਿਤੀ: 30.11.2018**

ਉਤਾਰਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।